NSW ਸਿੱਖਿਆ ਵਿਭਾਗ

School counselling service

Information for parents and carers

# ਸਕੂਲ ਕਾਉਂਸਲਿੰਗ (ਸਲਾਹ-ਮਸ਼ਵਰਾ) ਸੇਵਾ

## ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਵਾਸਤੇ ਜਾਣਕਾਰੀ

NSW ਦੇ ਸਾਰੇ ਸਰਕਾਰੀ ਸਕੂਲਾਂ ਨੂੰ ਸਕੂਲ ਕਾਉਂਸਲਿੰਗ ਸੇਵਾ ਰਾਹੀਂ ਮਨੋਵਿਗਿਆਨਕ ਸਹਾਇਤਾ ਤੱਕ ਪਹੁੰਚ ਹੈ।

ਸਕੂਲ ਕਾਉਂਸਲਿੰਗ ਸੇਵਾ ਵਿੱਚ ਸਕੂਲ ਸਲਾਹਕਾਰ ਅਤੇ ਸਕੂਲ ਮਨੋਵਿਗਿਆਨੀ ਸ਼ਾਮਲ ਹੁੰਦੇ ਹਨ ਜੋ ਪ੍ਰੀ-ਸਕੂਲ ਤੋਂ 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਸਲਾਹ, ਮਨੋਵਿਗਿਆਨਕ ਮੁਲਾਂਕਣ ਅਤੇ ਦਖ਼ਲਅੰਦਾਜ਼ੀ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ। ਉਹ ਵਿਦਿਆਰਥੀਆਂ ਦੀਆਂ ਸਿੱਖਣ, ਮਾਨਸਿਕ ਸਿਹਤ ਅਤੇ ਭਲਾਈ ਦੀਆਂ ਜ਼ਰੂਰਤਾਂ ਵਿੱਚ ਸਹਿਯੋਗ ਕਰਨ ਅਤੇ ਸੁਰੱਖਿਅਤ, ਸਿਹਤਮੰਦ ਅਤੇ ਸਹਾਇਕ ਸਿੱਖਣ ਦੇ ਵਾਤਾਵਰਣ ਬਣਾਉਣ ਲਈ ਪਰਿਵਾਰਾਂ, ਸਕੂਲ ਦੇ ਅਮਲੇ ਅਤੇ ਹੋਰ ਪੇਸ਼ੇਵਰਾਂ ਦੇ ਨਾਲ ਰਲ ਕੇ ਕੰਮ ਕਰਦੇ ਹਨ।

ਸਕੂਲ ਕਾਉਂਸਲਿੰਗ ਦੇ ਸਾਰੇ ਅਮਲੇ ਕੋਲ ਮਨੋਵਿਗਿਆਨ ਵਿੱਚ ਪੋਸਟ-ਗ੍ਰੈਜੂਏਟ ਯੋਗਤਾ ਹੁੰਦੀ ਹੈ ਅਤੇ ਬੱਚਿਆਂ ਅਤੇ ਨੌਜਵਾਨਾਂ ਨੂੰ ਅਕਾਦਮਿਕ, ਸਮਾਜਿਕ, ਵਿਵਹਾਰਕ ਅਤੇ ਭਾਵਨਾਤਮਕ ਤੌਰ 'ਤੇ ਸਫ਼ਲ ਹੋਣ ਵਿੱਚ ਮਦਦ ਕਰਨ ਲਈ ਮਾਨਸਿਕ ਸਿਹਤ, ਸਿੱਖਣ ਅਤੇ ਵਿਵਹਾਰ ਵਿਚਲੀਆਂ ਆਪਣੀਆਂ ਮੁਹਾਰਤਾਂ ਦੀ ਵਰਤੋਂ ਕਰਦੇ ਹਨ।

ਸਕੂਲ ਸਲਾਹਕਾਰ ਜਾਂ ਸਕੂਲ ਮਨੋਵਿਗਿਆਨੀ ਇਹ ਕੁਝ ਕਰ ਸਕਦੇ ਹਨ:

- ਵਿਦਿਆਰਥੀਆਂ ਨੂੰ ਕਾਉਂਸਲਿੰਗ ਪ੍ਰਦਾਨ ਕਰਨਾ
- ਵਿਦਿਆਰਥੀ ਦੀ ਸਿੱਖਣ ਅਤੇ ਮਾਨਸਿਕ ਸਿਹਤ ਦੀਆਂ ਲੋੜਾਂ ਦਾ ਮੁਲਾਂਕਣ ਕਰਨਾ
- ਅਧਿਆਪਕਾਂ ਅਤੇ ਮਾਹਰ ਅਮਲੇ ਨਾਲ ਮਿਲ ਕੇ ਕੰਮ ਕਰਨਾ
- ਪਰਿਵਾਰਾਂ ਨੂੰ ਆਪਣੇ ਬੱਚਿਆਂ ਦੀਆਂ ਸਿੱਖਣ ਅਤੇ ਮਾਨਸਿਕ ਸਿਹਤ ਲੋੜਾਂ ਨੂੰ ਸਮਝਣ ਅਤੇ ਪ੍ਰਬੰਧ ਕਰਨ ਵਿੱਚ ਮਦਦ ਕਰਨਾ
- ਇਕੱਲੇ-ਇਕੱਲੇ ਵਿਦਿਆਰਥੀਆਂ ਲਈ ਤਾਲਮੇਲ, ਸਾਰੀ-ਇਕੱਠੀ ਸਹਾਇਤਾ ਪ੍ਰਦਾਨ ਕਰਨ ਲਈ ਬਾਹਰੀ ਏਜੰਸੀਆਂ ਅਤੇ ਮਾਨਸਿਕ ਸਿਹਤ ਪੇਸ਼ੇਵਰਾਂ ਨਾਲ ਸੰਪਰਕ ਕਰਨਾ।

ਵਿਦਿਆਰਥੀਆਂ, ਮਾਪਿਆਂ ਜਾਂ ਸੰਭਾਲ ਕਰਨ ਵਾਲਿਆਂ ਅਤੇ ਅਧਿਆਪਕਾਂ ਨਾਲ ਕੰਮ ਕਰਦੇ ਸਮੇਂ, ਸਕੂਲ ਕਾਉਂਸਲਿੰਗ ਦਾ ਅਮਲਾ ਇਹ ਸਮਝਾਵੇਗਾ ਕਿ ਉਹ ਕਿਵੇਂ ਕੰਮ ਕਰਦੇ ਹਨ, ਜੋ ਕਿਹਾ ਜਾਂਦਾ ਹੈ ਉਸ ਨੂੰ ਧਿਆਨ ਨਾਲ ਸੁਣਦੇ ਹਨ, ਵਿਕਲਪਾਂ ਨੂੰ ਸਪੱਸ਼ਟ ਕਰਨ ਵਿੱਚ ਮਦਦ ਕਰਦੇ ਹਨ ਅਤੇ ਸੂਚਿਤ ਫੈਸਲੇ ਲੈਣ ਨੂੰ ਉਤਸ਼ਾਹਤ ਕਰਦੇ ਹਨ।

## ਗੁਪਤਤਾ

ਸਕੂਲ ਕਾਉਂਸਲਿੰਗ ਅਮਲਾ ਵਿਦਿਆਰਥੀਆਂ ਲਈ ਸਵੈਇੱਛਤ ਅਤੇ ਗੁਪਤ ਮਨੋਵਿਗਿਆਨਕ ਸਹਾਇਤਾ ਪ੍ਰਦਾਨ ਕਰਦਾ ਹੈ। ਗੁਪਤ ਜਾਣਕਾਰੀ ਨੂੰ ਵਿਦਿਆਰਥੀ, ਮਾਪਿਆਂ, ਜਾਂ ਸੰਭਾਲ ਕਰਨ ਵਾਲੇ ਦੀ ਇਜਾਜ਼ਤ ਤੋਂ ਬਿਨਾਂ ਦੂਜਿਆਂ ਨਾਲ ਸਾਂਝਾ ਨਹੀਂ ਕੀਤਾ ਜਾਵੇਗਾ ਜਦ ਤੱਕ ਕਿ ਇਹ ਕਾਨੂੰਨ ਦੁਆਰਾ ਲੋੜੀਂਦੀ ਨਾ ਹੋਵੇ ਜਾਂ ਸੁਰੱਖਿਆ ਜਾਂ ਫਿਰ ਭਲਾਈ ਨੂੰ ਹੋ ਰਹੇ ਗੰਭੀਰ ਖ਼ਤਰੇ ਨੂੰ ਰੋਕਣ ਲਈ।

## ਸਿਫਾਰਸ਼ (ਰੈਫ਼ਰਲ)

ਸਕੂਲ ਕਾਉਂਸਲਿੰਗ ਸਹਾਇਤਾ ਲਈ ਤਰਜੀਹਾਂ ਸਕੂਲ ਦੀਆਂ ਸਿੱਖਣ ਅਤੇ ਭਲਾਈ ਟੀਮਾਂ ਨਾਲ ਸਲਾਹ ਕਰਕੇ ਨਿਰਧਾਰਤ ਕੀਤੀਆਂ ਜਾਂਦੀਆਂ ਹਨ। ਮਾਪੇ ਜਾਂ ਸੰਭਾਲ ਕਰਨ ਵਾਲੇ ਜਿਨ੍ਹਾਂ ਨੂੰ ਆਪਣੇ ਬੱਚੇ ਦੀ ਸਿੱਖਣ, ਮਾਨਸਿਕ ਸਿਹਤ ਅਤੇ/ਜਾਂ ਭਲਾਈ ਬਾਰੇ ਸ਼ੰਕੇ ਹਨ, ਉਹ ਸਕੂਲ ਨਾਲ ਸੰਪਰਕ ਕਰਕੇ ਮੁਲਾਕਾਤ ਦੀ ਬੇਨਤੀ ਕਰ ਸਕਦੇ ਹਨ। ਵਿਦਿਆਰਥੀ ਮੁਲਾਕਾਤ ਤਹਿ ਕਰਨ ਲਈ ਸਵੈ-ਹਵਾਲਾ ਵਰਤ ਸਕਦੇ ਹਨ ਜਾਂ ਮਾਪਿਆਂ ਜਾਂ ਅਧਿਆਪਨ ਅਮਲੇ ਤੋਂ ਵੀ ਸਹਾਇਤਾ ਲੈ ਸਕਦੇ ਹਨ।

## ਟੈਲੀਫੋਨ ਦੁਭਾਸ਼ੀਆ ਸੇਵਾ

ਜੇ ਤੁਸੀਂ ਵਧੇਰੇ ਜਾਣਕਾਰੀ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਕੂਲ ਨੂੰ ਫ਼ੋਨ ਕਰੋ। ਜੇ ਤੁਹਾਨੂੰ ਆਪਣੀ ਪੁੱਛਗਿੱਛ ਵਿੱਚ ਸਹਾਇਤਾ ਲਈ ਦੁਭਾਸ਼ੀਏ ਦੀ ਲੋੜ ਹੈ, ਤਾਂ ਕਿਰਪਾ ਕਰਕੇ ਟੈਲੀਫ਼ੋਨ ਦੁਭਾਸ਼ੀਆ ਸੇਵਾ ਨੂੰ 131 450 'ਤੇ ਫ਼ੋਨ ਕਰੋ ਅਤੇ ਆਪਣੀ ਭਾਸ਼ਾ ਵਾਲੇ ਦੁਭਾਸ਼ੀਏ ਦੀ ਮੰਗ ਕਰੋ।

ਔਪਰੇਟਰ ਨੂੰ ਉਹ ਫ਼ੋਨ ਨੰਬਰ ਦੱਸੋ ਜਿਸ ਨੂੰ ਤੁਸੀਂ ਫ਼ੋਨ ਕਰਨਾ ਚਾਹੁੰਦੇ ਹੋ ਅਤੇ ਔਪਰੇਟਰ ਗੱਲਬਾਤ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਲਾਈਨ 'ਤੇ ਦੁਭਾਸ਼ੀਏ ਨੂੰ ਲਿਆਵੇਗਾ। ਇਸ ਸੇਵਾ ਵਾਸਤੇ ਤੁਹਾਡੇ ਕੋਲੋਂ ਕੋਈ ਫ਼ੀਸ ਨਹੀਂ ਲਈ ਜਾਵੇਗੀ।